੧ ਓ ਵਾਹਿਗੁਰੂ ਜੀ ਕੀ ਫਤਹ ॥

# ਪ੍ਰਧਾਨਗੀ ਐਡਰੈਸ

-ਜੋ-

## ਸ੍ਰੀ ਮਾਨ ਗਿ: ਗੁਰਬਖਸ਼ ਸਿੰਘ ਜੀ ਰਾਹੀ

ਪ੍ਰਧਾਨ

## ਖਾਲਸਾ ਬ੍ਰਾਦਰੀ ਕਾਨਫ੍ਰੰਸ ਰੰਗੀਆਂ

ਰਿਆਸਤ ਪਟਿਆਲਾ

ਵਲੋਂ

੨੮ ਫਗਣ ੧੧ ਮਾਰਚ ੧੯੪੬ ਨੂੰ ਪੜ੍ਹਿਆ ਗਿਆ

-ਤੇ-

ਸ: ਪ੍ਰੀਤਮ ਸਿੰਘ ਜਨਰਲ ਸਕੱਤ੍ਰ

ਸਵਾਗਤ ਕਮੇਟੀ ਵਲੋਂ ਪ੍ਰਕਾਸ਼ਤ ਹੋਇਆ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

16

੧ ੴ ਵਾਹਿਗੁਰੂ ਜੀ ਕੀ ਫਤਹ॥

—

## ਸਤਿਕਾਰ ਯੋਗ ਭਰਾਵੋ ਤੇ ਭੈਣੋ।

ਸਭ ਤੋਂ ਪਹਿਲਾਂ ਮੈਂ ਆਪ ਦਾ ਧੰਨਵਾਦ ਕਰਦਾ ਹਾਂ ਜਿਨ੍ਹਾਂ ਨੇ ਮੇਰੇ ਜੈਸੇ ਨਿਮਾਣੇ ਅਤੇ ਨਿਤਾਣੇ ਸੇਵਕ ਨੂੰ ਇਹ ਮਾਣ ਬਖਸ਼ ਕੇ ਗਰੀਬ ਨਿਵਾਜ਼ ਸਿਖੀ ਦਾ ਸਬੂਤ ਦਿਤਾ ਹੈ। ਦੁਨੀਆਂ ਵਿਚ ਹਰ ਮਤ ਮਤਾਂਤਰ ਬਹੁਤ ਸਨ, ਪਰ ਗਰੀਬ ਦੀ ਬਾਂਹ ਫੜਨ ਵਾਲਾ ਕੋਈ ਨਹੀਂ ਸੀ। ਇਸ ਲਈ ਹੀ ਸਿਖੀ ਦਾ ਜਨਮ ਹੋਇਆ ਤੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖੀ ਦੀ ਬੁਨਿਆਦ ਰਖਦਿਆਂ ਹੀ ਫੁਰਮਾਇਆ ਕਿ—

"ਨੀਚਾਂ ਅੰਦਰ ਨੀਚ ਜਾਤ ਨੀਚੀ ਹੂ ਅਤਿ ਨੀਚ॥ ਨਾਨਕ ਤਿਨ ਕੇ ਸੰਗ ਸਾਥ
ਵਡਿਆਂ ਸਿਉ ਕਿਆ ਰੀਸ॥ ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥

ਇਸ ਸਿਖੀ ਦੇ ਮਾਲਕ ਸਤਿਗੁਰਾਂ ਨੇ ਗਰੀਬ ਦੇ ਭਲੇ ਵਾਸਤੇ ਗਰੀਬ ਦੇ ਉਚਿਆਂ ਕਰਨ ਲਈ ਜੋ ਜੋ ਉਪਕਾਰ ਕੁਰਬਾਨੀਆਂ ਕੀਤੀਆਂ ਉਸ ਨੂੰ ਤੁਸੀਂ ਚੰਗੀ ਤਰਾਂ ਜਾਣਦੇ ਹੋਵੋਗੇ ਮੈਂ। ਤੁਹਾਨੂੰ ਪੰਜ ਪਿਆਰਿਆਂ ਦੀ ਚੋਣ ਤੋਂ ਹੀ ਪੁਛਦਾ ਹਾਂ ਕਿ ਜਿਵੇਂ ਸ੍ਰੀ ਗੁਰੂ ਗੋਬਿਦ ਸਿੰਘ ਜੀ ਨੇ ਪੰਜ ਪਿਆਰਿਆਂ ਨੂੰ ਚੁਣਨ ਵੇਲੇ ਜ਼ਾਤਪਾਤ ਨੀਚ ਊਚ ਦਾ ਸਤਿਆਨਾਸ ਕੀਤਾ ਹੈ ਉਸ ਤਰਾਂ ਕੋਈ ਮਜ਼ਹਬ ਸਬੂਤ ਪੇਸ਼ ਕਰ ਸਕਦਾ ਹੈ? ਹਰਗਿਜ਼ ਨਹੀਂ ਹੋਰ ਤਾਂ ਈਰਖਾ ਦਵੈਤ ਦੀ ਅਗ ਵਿਚ ਆਪ ਸੜ ਰਹੇ ਹਨ ਤੇ ਦੂਜਿਆਂ ਨੂੰ ਸਾੜ ਦੇਣਾ ਚਾਹੁੰਦੇ ਹਨ। ਤੁਸੀਂ ਸਾਰਿਆਂ ਨੂੰ ਛਡ ਦੇਵੋ। ਹਿੰਦੁਸਤਾਨ ਦੇ ਪ੍ਰਧਾਨ ਮਤ ਹਿੰਦੂ ਨੂੰ ਹੀ ਦੇਖ ਲਵੋ ਜੋ ਹਿੰਦੁਸਤਾਨ ਵਿਚ ੨੮ ਕਰੋੜ ਦਾ ਮਤ ਹੈ। ਇਸ ਨੇ ਗਰੀਬ ਦੀ ਜੋ ਮਿੱਟੀ ਪਲੀਤ ਕੀਤੀ ਹੈ ਮੈਂ ਸਚ ਕਹਿੰਦਾ ਹਾਂ ਕਿ ਵਾਹਿਗੁਰੂ ਦੀ ਦਰਗਾਹ ਅੰਦਰ ਜੇ ਇਸ ਦਾ ਕੋਈ ਫੈਸਲਾ ਹੁੰਦਾ ਹੋਵੇਗਾ ਤਾਂ ਸਿੰਘੋ ਸਚ ਜਾਣ ਲੈਣਾ ਕਿ ਨਰਕ ਵਿਚ ਹਿੰਦੂ ਤੋਂ ਬਿਨਾਂ ਹੋਰ ਕਿਸੇ ਨੂੰ ਥਾਂ ਨਹੀਂ ਮਿਲ ਸਕਦੀ। ਇਹ ਮੈਂ ਇਸ ਵਾਸਤੇ ਕਹਿੰਦਾ ਹਾਂ ਕਿ ਗਰੀਬਾਂ ਉਤੇ ਜੋ ਜ਼ੁਲਮ ਹੋਏ ਜਾਂ ਹੁੰਦੇ ਹਨ ਉਹ ਇਸੇ ਹਿੰਦੂਵੀਅਤ ਦਾ ਅਸਰ ਹੋਣ ਕਰਕੇ। ਕੌਣ ਨਹੀਂ ਜਾਣਦਾ ਕਿ ਸਿਖੀ ਵਿਚ ਜ਼ਾਤ ਪਾਤ ਨਹੀਂ, ਊਚ ਨੀਚ ਨਹੀਂ, ਪਰ ਪਿੰਡਾਂ ਵਿਚ ਦੇਖੋ, ਦਾਹੜੀ ਕੇਸਾਂ ਵਾਲੇ ਸਿੱਖ, ਜਿਨ੍ਹਾਂ ਉਤੇ ਹਿੰਦੂ ਮਤ ਦਾ ਅਸਰ ਹੈ, ਉਹ ਰਹਿਤ ਵਿਚ ਪਕੇ ਸਿਖਾਂ ਨਾਲ ਇਸ ਵਾਸਤੇ ਜ਼ੋਰ ਕਰਦੇ ਹਨ ਕਿ ਉਨ੍ਹਾਂ ਨੇ ਜਨਮ ਜੱਟਾਂ ਦੇ ਘਰ ਕਿਉਂ ਨਹੀਂ ਲਿਆ। ਰਵਦਾਸੀਏ ਸਿਖ ਜਾਂ ਮਜ਼ਹਬੀ ਸਿਖ ਆਏ ਦਿਨ ਇਸੇ ਜ਼ੁਲਮ ਦਾ ਸ਼ਿਕਾਰ ਹੁੰਦੇ ਹਨ; ਜਾਨੋਂ ਮਾਰ ਦਿਤੇ ਜਾਂਦੇ ਹਨ, ਘਰੋਂ ਬੇਘਰ ਕੀਤੇ ਜਾਂਦੇ

Digitized by Panjab Digital Library | www.panjabdigilib.org

ਹਨ। ਕਿਸੇ ਗਰੀਬ ਦਾ ਪੱਲਾ ਹਵਾ ਨਾਲ ਕਿਸੇ ਉਚੀ ਜਾਤ ਕਹੌਣ ਵਾਲੇ ਨਾਲ ਲਗ ਗਿਆ ਤਾਂ ਗਰੀਬ ਦੀ ਸ਼ਾਮਤ ਆ ਜਾਂਦੀ ਹੈ। ਗਰੀਬ ਦੀ ਧੀ ਭੈਣ ਦੀ ਕੋਈ ਇਜ਼ਤ ਨਹੀਂ ਹੈ।

## ਵਿਗਾਰ

ਇਹ ਇਕ ਅਸੀ ਬੀਮਾਰੀ ਸਾਡੇ ਗਲ ਪਾਈ ਹੈ, ਜਿਸ ਤੋਂ ਜੇ ਅਸੀਂ ਬਚੇ ਰਹਿਣ ਦਾ ਇਲਾਜ ਸੋਚਦੇ ਵੀ ਹਾਂ ਤਾਂ ਵੀ ਸਾਨੂੰ ਘੇਰਕੇ ਇਸੇ ਵਿਚ ਟਕਿਆ ਜਾਂਦਾ ਹੈ। ਪਤਾ ਨਹੀਂ ਕਦੋਂ ਸਾਡੇ ਗਲ ਇਹ ਚੀਜ਼ ਪਾਈ ਹੈ ਤੇ ਜਦੋਂ ਪਾਈ ਹੋਵੇਗੀ ਉਸ ਵੇਲੇ ਸਾਡੇ ਵਡਿਆਂ ਨੇ ਕਿਵੇਂ ਨਾਂਹ ਨੁਕਰ ਕੀਤੀ ਹੋਵੇਗੀ ਤੇ ਉਨ੍ਹਾਂ ਦੇ ਗਲ ਵਿਗਾਰ ਮੜ੍ਹਨ ਵਾਲਿਆਂ ਕੀ ਕੀ ਜ਼ੁਲਮ ਢਾਹੇ ਹੋਣਗੇ। ਇਤਹਾਸ ਇਸ ਉਤੇ ਰੋਸ਼ਨੀ ਨਹੀਂ ਪੌਂਦਾ, ਪਰ ਮੈਂ ਦਲੀਲ ਦੀ ਪਰਖ ਨਾਲ ਇਹ ਕਹਿੰਦਾ ਹਾਂ ਕਿ ਜਦ ਅਜ ਇਸ ਨੂੰ ਕੋਈ ਚੰਗਾ ਨਹੀਂ ਸਮਝਦਾ, ਪਿਛੇ ਵੀ ਨਹੀਂ ਸਮਝਦਾ ਹੋਵੇਗਾ ਪਰ ਸਕਤੇ ਦਾ ਸਤੀਂ ਵੀਹੀਂ ਸੌ ਜੋ ਹੋਇਆ। ਜ਼ੋਰ ਜ਼ੁਲਮ ਨਾਲ ਸਾਡੇ ਵਡਿਆਂ ਦੇ ਸਿਰ ਇਹ ਚੀਜ਼ ਪਾਈ ਹੋਵੇਗੀ ਤੇ ਡਰਦਾ ਹਰ ਹਰ ਕਰਦਾ ਦੇ ਕਹਿਣ ਅਨੁਸਾਰ ਉਨ੍ਹਾਂ ਸਾਂਭ ਲਈ ਹੋਵੇਗੀ। ਅਜ ਸ੍ਰੀ ਗੁਰੂ ਨਾਨਕ ਦੇਵ ਦੀ ਸਿਖੀ ਵਿਚ ਆ ਕੇ ਸਾਨੂੰ ਆਪਣੇ ਆਪ ਦੀ ਸਮਝ ਆ ਗਈ ਹੈ। ਅਜ ਸਾਡੀ ਅਖ ਖੁਲ੍ਹ ਗਈ ਹੈ। ਸਰਕਾਰੀ ਤੌਰ ਤੇ ਵਿਗਾਰ ਦਾ ਕੰਮ ਅਸੀਂ ਛਡਦੇ ਜਾ ਰਹੇ ਹਾਂ। ਭਾਵੇਂ ਕਈ ਥਾਵਾਂ ਉਤੇ ਪੁਲਸ ਜ਼ਿਲਿਆਂ ਵਿਚ ਅਤੇ ਰਿਆਸਤਾਂ ਵਿਚ ਸਾਰੇ ਥਾਂ ਧੱਕਾ ਕਰ ਜਾਂਦੀ ਹੈ। ਪਰ ਜੋ ਜ਼ੁਲਮ ਸਾਡੇ ਉਤੇ ਪਿੰਡਾਂ ਦੇ ਹਿੰਦੂ ਅਸਰ ਹੇਠ ਪਲੇ ਹੋਏ ਜੱਟ ਭਰਾਵਾਂ ਵਲੋਂ (ਜੋ ਸਾਡੇ ਵਾਂਗ ਵੇਖਣ ਪਾਖਣ ਵਿਚ ਸਿਖ ਹਨ) ਹੁੰਦੇ ਹਨ ਤਾਂ ਸਾਡੀ ਹੈਰਾਨੀ ਦੀ ਕੋਈ ਹਦ ਨਹੀਂ ਰਹਿੰਦੀ। ਮੈਂ ਤੁਹਾਨੂੰ ਬਹੁਤੀਆਂ ਮਿਸਾਲਾਂ ਨਹੀਂ ਦੇ ਸਕਦਾ ਕਿਉਂਕਿ ਐਸੀਆਂ ਵਾਰਦਾਤਾਂ ਹਰ ਰੋਜ਼ ਸਾਡੇ ਵੀਰ ਭੈਣਾਂ ਨਾਲ ਹੁੰਦੀਆਂ ਰਹਿੰਦੀਆਂ ਹਨ। ਤੁਸੀਂ ਰੰਗੀਆਂ ਦੀ ਮਿਸਾਲ ਹੀ ਲੈ ਲਵੋ। ਅਜੇ ਚਾਰ ਮਹੀਨੇ ਹੋਏ ਹਨ, ਏਥੋਂ ਦੇ ਜ਼ੈਲਦਾਰ ਬਚਨ ਸਿੰਘ ਨੇ ਜੋ ਜ਼ੁਲਮ ਗਰੀਬ ਸਿਖਾਂ (ਰਵਦਾਸੀਏ ਮਜ਼ਹਬੀ ਸਿਖਾਂ) ਉਤੇ ਕੀਤੇ ਹਨ ਜਦ ਸੁਣੀਦੇ ਹਨ ਤਾਂ ਕਾਲਜਾ ਮੂੰਹ ਨੂੰ ਆਉਂਦਾ ਹੈ। ਇਹਨਾਂ ਗਰੀਬ ਸਿਘਾਂ ਦਾ ਕਸੂਰ ਇਹੋ ਹੈ ਕਿ ਇਹਨਾਂ ਮੁਰਦੇ ਢੋਣ ਤੋਂ ਇਨਕਾਰ ਕੀਤਾ, ਵਿਗਾਰ ਕਰਨ ਤੋਂ ਇਨਕਾਰ ਕੀਤਾ। ਕਿਉਂਕਿ ਇਹ ਅੰਮ੍ਰਿਤ-ਧਾਰੀ ਸਿੰਘ ਸਨ ਤੇ ਵਿਗਾਰ ਨਹੀ ਕਰਨੀ ਚਾਹੁੰਦੇ ਸੀ। ਇਹਨਾਂ ਨੂੰ ਕੁਟਿਆ ਤੇ ਚਾਰ ਦਿਨ ਬਾਹਰ ਨਹੀਂ ਨਿਕਲਣ ਦਿਤਾ ਤਾਕਿ ਬਾਹਰ ਖਬਰ ਨਾ ਹੋ ਜਾਵੇ। ਇਹਨਾਂ ਵਿਚਾਰਿਆਂ ਦੇ ਚੁਨਿਆਂ ਵਿਚ ਟਟੀਆਂ ਫਿਰੀਆਂ। ਭਾਈ ਅਮਰ ਸਿੰਘ ਨੂੰ ਦਬ ਦੂਕ ਕੇ ਲੈ ਗਏ ਤੇ ਪਿੰਡ ਜਾ ਕੇ ਬੁਰੀ ਤਰਾਂ ਮਾਰਿਆ। ਉਸ ਦੀ ਭਰਜਾਈ ਨੇ ਤਰਲੇ ਮਿੰਨਤਾਂ ਕਰਕੇ ਵਾਪਸ ਲਿਆਂਦਾ ਪਰ ਉਹ ਡਰਦਿਆਂ ਪਿੰਡ ਹੀ ਛਡ ਗਿਆ। ਏਥੇ ਹੀ ਬਸ ਨਹੀਂ, ਵਿਧਵਾ ਮਾਤਾ ਭਾਗੀ (ਜਿਸ ਦੀ ਨੌਜੁਆਨ ਲੜਕੀ ਕੁਆਰੀ ਹੈ) ਨੂੰ ਘਰ ਤੋਂ ਕਢ ਦਿਤਾ। ਉਸ ਦੇ ਮੰਜੇ ਲੀੜੇ ਭਾਂਡੇ ਜ਼ਬਤ ਕਰ ਲਏ ਗਏ ਜੋ ਅਜ ਤਕ ਵਾਪਸ ਨਹੀਂ ਕੀਤੇ। ਇਸਦੀਆਂ ਰਪੋਟਾਂ ਸ਼੍ਰੋ: ਗੁ: ਪ੍ਰ: ਕਮੇਟੀ, ਸਰੋਮਣੀ ਅਕਾਲੀ ਦਲ ਅਤੇ ਖਾਲਸਾ ਬਰਾਦਰੀ ਪੰਜਾਬ ਨੂੰ ਜਾ ਚੁਕੀਆਂ ਹਨ। ਪਟਿਆਲੇ ਦੇ ਸਬੰਧਤ ਅਫਸਰਾਂ ਨੂੰ ਤਾਰਾਂ ਰਜਿਸਟਰੀਆਂ ਦੇ ਹੜ ਵਗਾਏ ਹਨ, ਮੁਕਦਮੇ ਕੀਤੇ ਹਨ, ਪਰ

Digitized by Panjab Digital Library | www.panjabdigilib.org

ਗਰੀਬ ਦੀ ਕੌਣ ਸੁਣਦਾ ਹੈ। ਵਿਚਾਰੇ ਜਾਂਦੇ ਹਨ ਅਵਾਜ਼ ਦੇਂਦੇ ਹੈ, ਮੁਕਦਮੇ ਦੀ ਤਾਰੀਖ ਅਗੇ ਦੇਰ ਪੈ ਜਾਂਦੀ ਹੈ। ਕੌਣ ਸੁਣਦਾ ਹੈ ਗਰੀਬਾਂ ਦੀ। ਥਾਣੇਦਾਰ ਸਾਹਿਬ ਨੇ ਵੀ ਇਨ੍ਹਾਂ ਵਿਚਾਰਿਆਂ ਦੀਆਂ ਅਖਾਂ ਪੂੰਝਕੇ ਵਾਪਸ ਮੋੜ ਦਿਤੇ। ਕੀ ਸਾਡੇ ਨਾਲ ਰੋਜ਼ ਇਹੀ ਹਾਲ ਹੁੰਦੇ ਰਹਿਣਗੇ ਐਸੇ ਜ਼ੈਲਦਾਰ ਬਚਨ ਸਿੰਘ ਜੈਸੇ ਸਾਡੇ ਉਤੇ ਰੋਜ ਸਵਾਰ ਰਹਿਣਗੇ। ਜਦੋਂ ਕਿ ਗਵਰਮੈਂਟ ਔਫ ਇੰਡੀਆ ਅਤੇ ਰਿਆਸਤਾਂ ਵਲੋਂ ਜਬਰਨ ਵਿਗਾਰ ਦੇ ਖਿਲਾਫ ਐਲਾਨ ਨਿਕਲ ਚੁਕੇ ਹਨ ਫੇਰ ਸਾਥੋਂ ਜਬਰਨ ਵਿਗਾਰ ਲਈ ਜਾਵੇਗੀ? ਮੈਂ ਤੁਹਾਨੂੰ ਪਟਿਆਲੇ ਦੇ ਇਨਸਪੈਕਟਰ ਜਨਰਲ ਸਾਹਿਬ ਬਹਾਦਰ ਪੁਲਸ ਪਟਿਆਲਾ ਦੀ ਚਿਠੀ ਦੀ ਹੂਬਹੂ ਨਕਲ ਪੇਸ਼ ਕਰਦਾ ਹਾਂ ਜੋ ਆਪ ਨੇ ਸ਼ਰੋਮਣੀ ਗੁ: ਪ੍ਰ: ਕਮੇਟੀ ਨੂੰ ਭੇਜੀ ਸੀ ਕਿਉਂਕਿ ਮੈਂ ਇਸ ਦੁਖ ਨੂੰ ਸ਼ਰੋਮਨੀ ਗੁ: ਪ੍ਰ: ਕਮੇਟੀ ਪਾਸ ਰੋਇਆ ਉਨਾਂ ਪਟਿਆਲੇ ਨੂੰ ਲਿਖਿਆ ਉਸਦੇ ਉਤਰ ਵਿਚ ਇਹ ਚਿਠੀ ਹੈ:-

ਨਕਲ ਚਿਠੀ ਨੰ: ੩੦੬੦੦।ਸੀ੪੨ ਮਿਤੀ ੧੨-੬-੪੪ ਵਲੋਂ ਇਨਸਪੈਕਟਰ ਜਨਰਲ ਸਾਹਿਬ ਬਹਾਦਰ ਪੁਲਸ ਪਟਿਆਲਾ ਸੇਵਾ ਵਿਖੇ ਸ੍ਰੀ ਮਾਨ ਪ੍ਰੈਜ਼ੀਡੈਂਟ ਸਾਹਿਬ ਸ਼ਰੋਮਨੀ ਗੁ: ਪ੍ਰ: ਕਮੇਟੀ ਸ੍ਰੀ ਅੰਮ੍ਰਿਤਸਰ ਜੀ।

ਆਪ ਦੀ ਚਿਠੀ ਨੰ: ੧੬ ਮਿਤੀ ੨੨-੪-੪੪ ਦੀ ਪੜਤਾਲ ਕਰਾਈ ਤਾਂ ਰੀਪੋਰਟ ਪੁਲਸ ਮੁਕਾਮੀ ਤੋਂ ਜ਼ਾਹਰ ਹੈ। ਸੰਤਾ ਸਿੰਘ ਹਵਾਲਦਾਰ ਤੋਂ ਕੋਈ ਵਿਗਾਰ ਨਹੀਂ ਲੀਤੀ ਜਾਂਦੀ ਔਰ ਨ ਹੀ ਕੋਈ ਤੰਗ ਕਰਦਾ ਹੈ। ਔਰ ਬਚਨ ਸਿੰਘ ਜ਼ੈਲਦਾਰ ਨੂੰ ਹਦੈਤ ਕੀਤੀ ਗਈ ਹੈ ਕਿ ਉਹ ਕਿਸੀ ਨੂੰ ਤੰਗ ਨ ਕਰੇ ਸੰਤਾ ਸਿੰਘ ਦਾ ਇਕ ਇਸਤਗਾਸਾ ਤਿਹਸੀਲ ਧੂਰੀ ਵਿਚ ਦਾਇਰ ਹੈ, ਜਿਸਦਾ ਫੈਸਲਾ ਹੋ ਚੁਕਾ ਹੈ। ਸੰਤਾ ਸਿੰਘ ਮੁਲਾਜ਼ਮ ਫੌਜ ਹੈ ਜੋ ਮੁਸ਼ਤਵਾ ਹੈ ਇਹ ਮਜ਼ਦੂਰੀ ਨਹੀਂ ਕਰਤਾ ਜਿਸਕੋ ਉਜਰਤ ਭੀ ਨਹੀਂ ਮਿਲਤੀ ਦਰ ਅਸਲ ਗਾਉਂ ਕੇ ਚਮਾਰ ਜ਼ਿਮੀਦਾਰਾਂਨ ਕੀ ਮੁਸਤਰਕਾਂ ਮਜਦੂਰੀ ਕਰਤੇ ਹੈਂ ਜਿਨਕੋ ਏਕ ਸਾਲ ਕੇ ਖਤਮ ਹੋਨੇ ਪਰ ਉਜਰਤ ਮਿਲਤੀ ਹੈ ਜੋ ਮਜਦੂਰੀ ਕਰੇਗਾ ਉਜਰਤ ਮਿਲੇਗੀ। ਏਕ ਆਦਮੀ ਜਿਸਦੀ ਕੋਈ ਭੀ ਜ਼ਾਤ ਕਿਉਂ ਨਾ ਹੋ ਜਬ ਵੁਹ ਕੋਈ ਕਾਮ ਨਹੀਂ ਕਰੇਗਾ ਉਸਕੋ ਉਸਕੀ ਉਜਰਤ ਨਹੀਂ ਮਿਲ ਸਕਤੀ।

-----

ਸ੍ਰੀ ਅੰਮ੍ਰਿਤਸਰ ਮਿਤੀ ੧੯-੬-੪੪

ਨੰ: ੧੬੪੩ ਉਤਾਰਾ ਇਤਲਾਹ ਲਈ ਸ: ਗੁਰਬਖਸ਼ ਸਿੰਘ ਜੀ ਪ੍ਰਚਾਰਕ ਨੂੰ ਭੇਜਿਆ ਜਾਂਦਾ ਹੈ। ਰਵੇਲ ਸਿੰਘ ਮੀਤ ਸਕੱਤ੍ਰ

ਐਸ ਐਸ ਸ੍ਰੋ: ਗੁ: ਪ੍ਰ: ਕਮੇਟੀ

ਮੈਂ ਸਮਝਿਆ ਕਿ ਜੈਲਦਾਰ ਬਚਨ ਸਿੰਘ ਹੁਣ ਸਮਝ ਜਾਵੇਗਾ ਪਰ ਦੂਜੀ ਵਾਰ ਉਸਨੇ ਇਹ ਫੇਰ ਜ਼ੁਲਮ ਢਾਹਿਆ ਚਾਰ ਪੰਜ ਘਰ ਪਿੰਡ ਛਡਕੇ ਬਰਨਾਲੇ ਡਰਦੇ ਮਾਰੇ ਜਾ ਬੈਠੇ ਹਨ।

Digitized by Panjab Digital Library | www.panjabdigilib.org

# ਹਕੂਕ

ਜਿਸ ਕੌਮ ਦੀ ਕੋਈ ਰਾਜਸੀ ਤਾਕਤ ਨ ਹੋਵੇ ਉਹ ਕੌਮ ਖਤਮ ਹੋ ਜਾਂਦੀ ਹੈ ਅਜ ਸੈਂਸੀ, ਗਾਧੀਲੇ, ਕਿਉਂ ਘਰੋਂ ਬੇ ਘਰ ਪਏ ਫਿਰਦੇ ਹਨ। ਸਾਡੇ ਮਜ਼ਹਬੀ ਰਵਦਾਸੀਏ ਸਿਖਾਂ ਦੀ ਦੁਰਦਸ਼ਾ ਕਿਉਂ ਹੁੰਦੀ ਹੈ ਇਸ ਲਈ ਕਿ ਸਾਡੀ ਰਾਜਸੀ ਪੁਜੀਸ਼ਨ ਨਹੀਂ ਹੈ। ਪੰਜਾਬ ਵਿਚ ਸਾਡੀ ਬਾਂਹ ਸਿਖੀ ਨੇ ਫੜੀ ਸੀ ਜਿਸ ਕਰਕੇ ਹਿੰਦੁਸਤਾਨ ਅਛੂਤ ਦੇ ਮੁਕਾਬਲੇ ਸਾਡੀ ਹਾਲਤ ਕੁਛ ਅਛੀ ਹੈ। ਸਿਖੀ ਵਿਚ ਸਾਡੀ ਪੁਜੀਸ਼ਨ ਬਿਲਕੁਲ ਠੀਕ ਹੋ ਜਾਣੀ ਸੀ। ਪਰ ਅਜੇ ਸਿਖੀ ਉਤੇ ਹਿੰਦੂ ਅਸਰ ਹੈ ਜਿਸ ਕਰਕੇ ਚੰਗੀ ਤਰਾਂ ਖੁਸ਼ਹਾਲੀ ਨਹੀਂ ਹੈ। ਜੇ ਤੁਸੀਂ ਚਾਹੁੰਦੇ ਹੋ ਕਿ ਅਸੀਂ ਵੀ ਅਜ਼ਾਦੀ ਨਾਲ ਤੁਰ ਫਿਰ ਸਕੀਏ ਤਾਂ ਆਪਣੇ ਹਕੂਕ ਦੀ ਰਾਖੀ ਕਰਨਾ। ਸਿਖੋ ਸਿੰਘੋ ਜੇ ਇਨਸਾਨੀ ਜ਼ਿੰਦਗੀ ਬਸਰ ਕਰਨਾ ਚਾਹੁੰਦੇ ਹੋ, ਤਾਂ ਸਭ ਤੋਂ ਪਹਿਲਾਂ ਜਥੇਬੰਦ ਹੋਣਾ ਸਿਖੋ ਖਾਲਸਾ ਬ੍ਰਾਦਰੀ ਪੰਜਾਬ ਅਤੇ ਖਾਲਸਾ ਬ੍ਰਾਦਰੀ ਮਾਲਵਾ ਦੇ ਝੰਡੇ ਹੇਠਾਂ ਇਕਠੇ ਹੋ ਜਾਵੋ ਜਿਸਦਾ ਝੰਡਾ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਝੰਡਾ ਹੈ। ਪੰਥਕ ਮੁਆਮਲਿਆਂ ਵਿਚ ਖਾਲਸਾ ਬਰਾਦਰੀ ਪੰਥ ਦੀ ਇਕੋ ਇਕ ਜਮਾਤ ਸ਼੍ਰੋਮਣੀ ਅਕਾਲੀ ਦਲ ਦੇ ਨਾਲ ਹੈ। ਆਪਣੇ ਹਕੂਕਾਂ ਦੀ ਰਾਖੀ ਲਈ ਇਹ ਇਕ ਖਾਲਸਾ ਬਰਾਦਰੀ ਅਤਰ ਜਮਾਤ ਹੈ। ਇਸਨੇ ਸ਼੍ਰੋਮਣੀ ਗੁ: ਪ੍ਰ: ਕਮੇਟੀ ਪਾਸੋਂ ੧੨ ਸੀਟਾਂ ਪ੍ਰ: ਕਮੇਟੀ ਦੀਆਂ ਰੀਜ਼ਰਵ ਕਾਰਵਾਈਆਂ ਹਨ ਤੇ ਪੰਜਾਬ ਅਸੈਂਬਲੀ ਵਿਚ ੬ ਸੀਟਾਂ ਲੈਣ ਤੇ ਤੁਲੀ ਹੋਈ ਹੈ ਇਸ ਸਾਲ ੩੦ ਹਜ਼ਾਰ ਰੁਪਯਾ ਰਵਦਾਸੀਏ ਤੇ ਮਜ਼ਹਬੀ ਸਿਖਾਂ ਦੀ ਭਲਾਈ ਲਈ ਕਢਵਾਇਆ ਹੈ। ਰਿਆਸਤਾਂ ਵਿਚ ਮਹਿਕਮਾਂ ਪੁਲੀਸ, ਫੌਜ, ਤਾਲੀਮ ਅਦਾਲਤੀ ਆਦਿ ਵਿਚ ਇਸਨੇ ਅਪਣੇ ਪੂਰੇ ਹਕੂਕ ਤੁਸਾਨੂੰ ਲੈ ਕੇ ਦੇਣੇ ਹਨ, ਜਿਸ ਸਬੰਧੀ ਪੂਰਾ ਜਤਨ ਹੋ ਰਿਹਾ ਹੈ। ਖਾਲਸਾ ਬ੍ਰਾਦਰੀ ਪੰਜਾਬ ਦੇ ਮੈਂਬਰਾਂ ਨੇ ਆਪਣੇ ਹਕੂਕ ਲੈਣ ਲਈ ਪੂਰੀ ਤਰਾਂ ਕਮਰ ਕਸੇ ਕਸ ਲਏ ਹਨ। ਇਹ ਆਪਣੇ ਖੂਨ ਦਾ ਆਖਰੀ ਕਤਰਾ ਵੀ ਸਿਖੀ ਵਾਸਤੇ ਅਤੇ ਆਪਣੇ ਹਕੂਕ ਵਾਸਤੇ ਵਹਾਣੋ ਦਰੇਗ ਨਹੀਂ ਕਰਨਗੇ।

ਸਿੰਘੋ! ਮੇਰੇ ਸਰੀਰ ਵਿਚ ਚਕਰ ਲਾ ਰਿਹਾ ਖੂਨ ਤੁਹਾਡੀ ਮੇਰੇ ਪਾਸ ਅਮਾਨਤ ਹੈ। ਵਾਹਿਗੁਰੂ ਕਰੇ ਇਸ ਵਿਚ ਖਿਆਨਤ ਨ ਹੋਵੇ, ਜਦੋਂ ਚਾਹੇ ਹਾਜ਼ਰ ਹੈ। ਅਸੀਂ ਇਸ ਜਥੇਬੰਦੀ ਨੂੰ ਪਕੇ ਪੈਰਾਂ ਤੇ ਕਰਕੇ ਕੌਮ ਦੀ ਰਾਖੀ ਕਰਨੀ ਚਾਹੁੰਦੇ ਹਾਂ। ਮੈਨੂੰ ਇਹ ਵੀ ਖਤਰਾ ਹੈ ਜੇ ਤੁਸੀਂ ਸੁਤੇ ਰਹੇ ਤਾਂ ਔਣ ਵਾਲੇ ਅਜ਼ਾਦ ਹਿੰਦੁਸਤਾਨ ਵਿਚ ਦੇਸ ਦੀ ਅਜ਼ਾਦੀ ਦੀ ਮਦਈ ਕਾਂਗਰਸ ਨੇ ਵੀ ਤੁਸਾਨੂੰ ਨਹੀਂ ਜਗੇਣਾ ਕਿਉਂਕਿ ਕਾਂਗਰਸ ਉਤੇ ਹਿੰਦੂ ਦਾ ਕਬਜ਼ਾ ਹੈ। ਇਸ ਲਈ ਹਰ ਇਕ ਪਾਸੇ ਨੂੰ ਦੇਖ ਕੇ ਤੁਰੋ ਤੇ ਇਸ ਗੱਲ ਤੇ ਜ਼ੋਰ ਦੇਵੋ ਕਿ ਜਦੋਂ ਦੇਸ ਅਜ਼ਾਦ ਹੋਵੇ ਅਸੀਂ ਵੀ ਅਜ਼ਾਦ ਹੋਈਏ। ਅਜ ਬਾਹਰਲੇ ਸੂਬੇ ਬਿਹਾਰ ਆਦਿਕ ਜਿਥੇ ਕਾਂਗਰਸ ਦਾ ਜ਼ੋਰ ਹੈ ਸਾਨੂੰ ਆਮ ਸੜਕਾਂ ਤੇ ਤੁਰਨ ਨਹੀਂ ਦਿਤਾ ਜਾਂਦਾ ਕਿਉਂਕਿ ਅਸੀਂ ਓਥੇ ਅਛੂਤ ਸਮਝੇ ਜਾਂਦੇ ਹਾਂ।

Digitized by Panjab Digital Library | www.panjabdigilib.org

20 (1150)



## ਫੌਜ

ਇਸ ਜੰਗ ਵਿਚ ਕੌਣ ਨਹੀਂ ਜਾਣਦਾ ਰਵਦਾਸੀਏ ਤੇ ਮਜ਼ਹਬੀ ਸਿਖ ਨੇ ਕਿਸਤਰਾਂ ਜੰਗ ਸੇਵਾ ਕੀਤੀ ਹੈ ਮਹਾਰਾਜਾ ਸਾਹਿਬ ਪਟਿਆਲਾ, ਨਾਭਾ, ਜੀਂਦ, ਫਰੀਦ ਕੋਟ ਨੂੰ ਤੇ ਗਾਵਰਨਮੈਂਟ ਔਫ ਇੰਡੀਆ ਨੂੰ ਚਾਹੀਦਾ ਹੈ ਕਿ ਸਾਡੀ ਖਿਦਮਤ ਨੂੰ ਮੁਖ ਰਖਕੇ ਜ਼ਰੂਰ ਇਸ਼ਾ ਕਰਾਰ ਦੇਵੇ ਤੇ ਸਾਡਾ ਫੌਜੀ ਤਨਾਸਬ ਕਾਇਮ ਰਖੇ, ਰਿਆਸਤਾਂ ਵਿਚ ਸਾਡੀਆਂ ਫੌਜਾਂ ਖੜੀਆਂ ਕਰਨੀਆਂ ਚਾਹੀਦੀਆਂ ਹਨ। ਅਸੈਂਬਲੀਆਂ ਬਣਾਣੀਆਂ ਚਾਹੀਦੀਆਂ ਹਨ ਤੇ ਉਸ ਵਿਚ ਸਾਡੀਆਂ ਸੀਟਾਂ ਰੀਜ਼ਰਵ ਕਰਨੀਆਂ ਚਾਹੀਦੀਆਂ ਕਿਉਂਕਿ ਰਿਆਸਤਾਂ ਵਿਚ ਅਸੀਂ ਘਟੋ ਘਟ ਰਵਦਾਸੀਏ ਅਤੇ ਮਜ਼ਹਬੀ ਸਿਖ ਸਿਖਾਂ ਦੀ ਗਿਣਤੀ ਦਾ ਪੰਜਵਾਂ ਹਿਸਾ ਹੈ। ਇਸ ਲਈ ਹਰ ਮਹਿਕਮੇ ਵਿਚ ਸਾਨੂੰ ਸਾਡੀ ਗਿਣਤੀ ਦੇ ਅਨੁਸਾਰ ਹਿਸਾ ਦਿਤਾ ਜਾਵੇ ਸਾਡੇ ਬਚਿਆਂ ਦੀ ਫੀਸ ਮੁਆਫ ਕੀਤੀ ਜਾਵੇ ਤੇ ਵਜ਼ੀਫੇ ਦਿਤੇ ਜਾਣ ਅਕਾਲੀ ਜਥਾ ਰਿਆਸਤ ਪਟਿਆਲਾ ਵਲੋਂ ਜੋ ਡੈਪੂਟੇਸ਼ਨ ਮੰਗਾਂ ਲੈਕੇ ਵਜ਼ੀਰ ਆਜ਼ਮ ਸਾਹਿਬ ਪਟਿਆਲਾ ਨੂੰ ਮਿਲਿਆ ਸੀ ਉਹ ਮੰਗਾਂ ਛੇਤੀ ਪੂਰੀਆਂ ਕੀਤੀਆਂ ਜਾਵਣ।

ਮੈਂ ਆਮ ਕਰਕੇ ਮਹਾਰਾਜਾ ਸਾਹਿਬ ਨਾਭਾ ਜੀਂਦ ਅਤੇ ਖਾਸ ਕਰਕੇ ਮਹਾਰਾਜਾ ਸਾਹਿਬ ਪਟਿਆਲਾ ਪਾਸ ਬੇਨਤੀ ਕਰਦਾ ਹਾਂ ਕਿ ਪਿੰਡਾਂ ਦੇ ਜ਼ੈਲਦਾਰ ਬਚਨ ਸਿੰਘ ਰੰਗੀਆਂ ਜੈਸੇ ਧੱਕੇ ਵਾਜਾਂ ਤੋਂ ਸਾਨੂੰ ਬਚਾਵੋ ਜੋ ਹਰ ਰੋਜ਼ ਸਾਡੇ ਉਤੇ ਜ਼ੁਲਮ ਕਰ ਰਹੇ ਹਨ ਘਟੋ ਘਟ ਸਾਡੇ ਮੁਕਦਮਿਆਂ ਦੇ ਫੈਸਲੇ ਤਾਂ ਹੋਣੇ ਚਾਹੀਦੇ ਹਨ ਤੇ ਇਨਸਾਫ ਹੋਣਾ ਚਾਹੀਦਾ ਹੈ। ਸਾਨੂੰ ਹੁਣ ਵੀ ਡਰ ਹੈ ਕਿ ਰਿਹੂਾਂ ਸਿੰਘਾਂ ਦਾ ਜੋ ਤਸੀਲ ਧੂਰੀ ਵਿਚ ਮੁਕਦਮਾ ਚਲ ਰਿਹਾ ਹੈ ਖਟੇ ਨਾ ਪੈ ਜਾਵੇ ਅਸੀਂ ਅਫਸਰਾਂ ਦੇ ਧੰਨਵਾਦੀ ਹੋਵਾਂਗੇ ਜੇ ਸਾਡੇ ਨਾਲ ਇਨਸਾਫ ਕਰਨ ਵਿਚ ਦੇਰੀ ਨਾ ਕੀਤੀ ਗਈ॥ ਨਾਲ ਹੀ ਸਿੰਘੋ ਮੈਂ ਤੁਸਾਨੂੰ ਵੀ ਇਹ ਕਹਿਣਾ ਚਾਹੁੰਦਾ ਹਾਂ ਕਿ ਤੁਸੀਂ ਖਾਲਸਾ ਬਰਾਦਰੀ ਦੇ ਝੰਡੇ ਹੇਠਾਂ ਇਕਠਿਆਂ ਹੋ ਜਾਵੋ। ਐਵੇਂ ਛੋਟੇ ਛੋਟੇ ਝਗੜਿਆਂ ਵਿਚ ਪੈਕੇ ਕੌਮ ਨੂੰ ਖਤਮ ਨਾ ਕਰੋ ਛਡੋ ਆਪਣੀ ਇਜ਼ਤ ਕੌਮ ਦੀ ਇਜ਼ਤ ਬਣਾਣ ਵਾਸਤੇ ਹੁਣ ਆਪਣੀ ਬੇ ਇਜ਼ਤੀ ਦਾ ਖਿਆਲ ਨਾ ਕਰੋ ਕਿਉਂਕਿ ਕੌਮ ਦੀ ਬੇ ਇਜ਼ਤੀ ਹੋ ਰਹੀ ਹੈ। ਗਲ ਇਕੋ ਹੀ ਹੋ ਸਕੇਗੀ ਜਾਂ ਤਾਂ ਮੇਰੀ ਹੀ ਇਜ਼ਤ ਵਧੇਗੀ ਜਾਂ ਕੌਮ ਦੀ ਹੋ ਸਕੇਗੀ ਇਸ ਲਈ ਵਾਸਤਾ ਜੇ ਗੁਰੂ ਦਾ ਅਸੀਂ ਬੜੇ ਸੇਵਾਦਾਰ ਹਾਂ ਸਾਥੋਂ ਝਾੜੂ ਫੇਰਨ ਦਾ ਕੰਮ ਲਵੋ ਲੰਗਰ ਦੀ ਸੇਵਾ ਲਵੋ ਤੁਸੀਂ ਪ੍ਰਧਾਨ ਬਣੋ ਸਾਡੇ ਆਗੂ ਬਣੋ ਪਰ ਕੌਮ ਦਾ ਕੁਛ ਬਣਾਵੋ ਯਾਦ ਰਖੋ ਜੋ ਚੌਧਰਤਾ ਦਾ ਭੁਖਾ ਹੋਵੇਗਾ ਜੋ ਗਲ ਗਲ ਤੇ ਬੇ ਅਸੂਲਾ ਲੜਾਈ ਲੜੇਗਾ ਉਹ ਮੈਂ ਹੋਵਾਂ ਜਾਂ ਕੋਈ ਹੋਰ ਕੌਮ ਦਾ ਘਾਤੀ ਹੋਵੇਗਾ ਕੌਮ ਦਾ ਦੁਸ਼ਮਣ ਹੋਵੇਗਾ।

## ਅਕਾਲੀ ਦਲ

ਪੰਥ ਗੁਰੂ ਪੰਥ ਹੈ। ਪੰਥ ਦੀ ਵਾਗ ਡੋਰ ਸ਼੍ਰੋਮਣੀ ਅਕਾਲੀ ਦਲ ਪਾਸ ਹੈ। ਉਸ ਨੇ ਸਾਡੀ ਖਾਤਰ ਬਹੁਤ ਕੁਛ ਕੀਤਾ ਹੈ ਅਸੀਂ ਅਕਾਲੀ ਦਲ ਦੇ ਕੁਰਬਾਨੀ ਕਰਨ ਵੇਲੇ ਨਾਲ ਰਹੇ ਜੇਲਾਂ ਕਟੀਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ ਪਰ ਜਦ ਕੁਛ ਲੈਣ ਦਾ ਸਮਾਂ ਆਇਆ ਤਦੋਂ ਮੈਂ ਤੁਹਾਥੋਂ ਪੁਛ ਸਕਦਾ ਹਾਂ

116 21



ਕਿ ਤੁਸੀਂ ਕਿਤਨੇ ਨਾਲ ਰਹੇ ਮੇਰੇ ਕਹਿਣ ਤੋਂ ਭਾਵ ਹੈ ਕੁਛ ਵੀ ਨਹੀਂ, ਤਹਸੀਲ ਧੂਰੀ ਦੇ ਅਕਾਲੀ ਜਥੇ ਵਿਚ ਸਾਡੇ ਵਿਚੋਂ ਸ਼ਾਇਦ ਹੀ ਕੋਈ ਹੋਵੇ,ਫੇਰ ਏਡੀਆ ਮੰਗਾਂ ਕੌਣ ਮੰਗੇਗਾ,.ਖਾਲਸਾ ਬਰਾਦਰੀ ਪੰਜਾਬ ਅਤੇ ਮਾਲਵਾ ਨੇ ਪੰਜ ਛੇ ਸਾਲ ਸ੍ਰੋ: ਅਕਾਲੀ ਦਲ ਦੀ ਸੇਵਾ ਥੋੜੀ ਬਹੁਤੀ ਕਰਕੇ ਮੰਗਾਂ ਸ਼ੁਰੂ ਕੀਤੀਆ ਹਨ। ਰਿਆਸਤਾਂ ਦੇ ਅਕਾਲੀ ਜਥਿਆਂ ਦੇ ਸਾਰੇ ਦੀਵਾਨਾਂ ਵਿਚ ਸਾਡੇ ਵਿਗਾਰ ਦੇ ਖਿਲਾਫ ਜਰੈਤਪੇਸ਼ਾ ਦੇ ਹੱਕ ਵਿਚ ਮਤੇਹੁੰਦੇ ਰਹੇ, ਏਥੇ ਹੀ ਬਸ ਨਹੀਂ ਪਿਛੋਂ ਜਿਹੇ ਵਜੀਰ ਆਜ਼ਮ ਸਾਹਿਬ ਪਟਿਆਲਾ ਪਾਸ ਜੋ ਅਕਾਲੀ ਜਥਾ ਰਿ: ਪਟਿਆਲਾ ਦਾ ਡੈਪੂਟੇਸ਼ਨ ਗਿਆ ਸੀ ਉਸ ਵਿਚ ਇਹ ਦੋਵੇਂ ਮੰਗਾਂ ਰਖੀਆਂ ਸਨ ਕਿ ਰਵਦਾਸੀਏ ਅਤੇ ਮਜ਼ਹਬੀ ਸਿਖਾਂ ਨੂੰ ਜਰੈਤ ਪੇਸ਼ਾ ਕਰਾਰ ਦਿਤਾ ਜਾਵੇ ਵਿਗਾਰ ਸਿਸਟਮ ਬੰਦ ਕੀਤਾ ਜਾਵੇ, ਵਜ਼ੀਰ ਆਜ਼ਮ ਸਾਹਿਬ ਨੇ ਕਿਹਾ ਹੈ ਕਿ ਬਿਗਾਰ ਬੰਦ ਕਰਨ ਦੇ ਸਬੰਧ ਵਿਚ ਐਲਾਨ ਹੋ ਚੁਕੇ ਹਨ, ਮੇਰੇ ਕਹਿਣ ਤੋਂ ਭਾਵ ਹੈ ਕਿ ਅਸੀਂ ਅਕਾਲੀ ਦਲ ਦੇ ਨਾਲ ਹੋਵਾਂਗੇ ਤਾਂ ਸਾਡੀਆਂ ਗਲਾਂ ਸੁਣੀਆਂ ਵੀ ਜਾਣਗੀਆਂ ਜਦ ਅਸੀਂ ਨਾਲ ਹੀ ਨਾ ਹੋਇ ਤਾਂ ਸੁਣੇਗਾ ਕੌਣ ਤੇ ਮੰਨੇਗਾ ਕੌਣ। ਇਸ ਲਈ ਤੁਸੀਂ ਸ੍ਰੋਮਣੀ ਅਕਾਲੀ ਦਲ ਦੇ ਨਾਲ ਰਲ ਜਾਵੋ ਤਾਂਕਿ ਮੰਗ ਮੰਗਣ ਵੇਲੇ ਸਾਡੀ ਸ੍ਰੋ: ਅਕਾਲੀ ਦਲ ਜਾਂ ਸ੍ਰੋ: ਕਮੇਟੀ ਨਾ ਮੰਨੇ ਤਾਂ ਅਸੂਲ ਉਤੇ ਉਸ ਨਾਲ ਜਮਾਤੀ ਤੌਰ ਤੇ ਝਗੜੇ ਲੜੋ ਰੋਸ ਪ੍ਰਗਟ ਕਰੋ। ਪਰ ਪੰਥਕ ਸਵਾਲ ਉਤੇ ਨਾਲ ਰਹੋ।

## ਖਾਲਸਾ ਬਰਾਦਰੀ

ਖਾਲਸਾ ਬਰਾਦਰੀ ਪੰਜਾਬ ਤੇ ਉਸ ਨਾਲ ਸਬੰਧਤ ਖਾਲਸਾ ਬਰਾਦਰੀ ਮਾਲਵਾ ਨੇ ਤੁਹਾਡੀ ਕਾਫੀ ਸੇਵਾ ਕੀਤੀਹੈ ਪਿਛੇ ਜਿਹੇ ਕਮਾਂਡਰ ਇਨਚੀਫ ਸਾਹਿਬ ਨੂੰਮੁਲਾਕਾਤ ਕਰਨ ਵੇਲੇ ਸ: ਲਖਾਸਿੰਘ ਦੀ ਪ੍ਰਧਾਨਗੀ ਹੇਠ ਸਾਡੇ ਮਾਲਵੇ ਵਿਚੋਂ ਸ: ਚੰਦਾ ਸਿੰਘ ਅਤੇ ਸ: ਨਰਿੰਦਰ ਸਿੰਘ ਜੀ ਰਏ ਸਨ, ਉਨ੍ਹਾਂ ਮੰਗਾਂ ਨੂੰ ਕਮਾਂਡਰ ਇਨਚੀਫ ਸਾਹਿਬ ਨੇ ਸੁਣਕੇ ਪੂਰਿਆਂ ਕਰਨ ਦਾ ਯਕੀਨ ਵੀ ਦਿਵਾਇਆ ਸੀ। ਖਾਲਸਾ ਬਰਾਦਰੀ ਤੁਹਾਡੀ ਧਾਰਮਕ ਪੁਲੀਟੀਕਲ ਤੌਰ ਤੇ ਸੇਵਾ ਕਰਦੀ ਹੈ। ਇਸ ਦੇ ਮੈਂਬਰ ਇਤਨੇ ਸਿਆਣੇ ਤੇ ਸਮਝਦਾਰ ਹਨ ਜਿਨ੍ਹਾਂ ਨੂੰ ਹੁਣ ਕੋਈ ਸਿਆਣਾ ਦਿਮਾਗ ਵੀ ਟਪਲੇ ਵਿਚ ਨਹੀਂ ਪਾ ਸਕਦਾ। ਹੁਣ ਤੁਸੀਂ ਹੰਭਲਾ ਮਾਰਕੇ ਇਸ ਵਿਚ ਇਕਠੇ ਹੋ ਜਾਵੋ। ਪਿੰਡ ਪਿੰਡ ਖਾਲਸਾ ਬਰਾਦਰੀ ਜਥੇ ਬਣਾ ਲਵੋ। ਕਿਸੇ ਭਰਾ ਦੇ ਕੰਡਾ ਚੁਭੇ ਤੇ ਪੀੜ ਤੁਸਾਨੂੰ ਹੋਵੇ। ਅਖ ਵਿਚ ਲਾਲੀ ਦੇ ਹੋਵੇ ਰੜਕ ਤੁਹਾਡੇ ਪਵੇ। ਫੇਰ ਜੇ ਕੌਮ ਦਾ ਸੁਧਾਰ ਨਾ ਹੋਵੇ ਤਾਂ ਮੈਂ ਤੁਹਾਡਾ ਕਸੂਰਵਾਰ।

ਅੰਤ ਵਿਚ ਮੈਂ ਬੇਨਤੀ ਕਰਦਾ ਹਾਂ ਕਿ ਜੋ ਤੁਸੀਂ ਇਸ ਥਾਂ ਜੁੜਕੇ ਕਾਨਫਰੰਸ ਨੂੰ ਸੁਭਾਇਮਾਨ ਕੀਤਾ ਹੈ, ਮੈਂ ਤੁਹਾਡਾ ਧੰਨਵਾਦੀ ਹਾਂ ਅਤੇ ਮੈਂ ਤੁਹਾਥੋਂ ਆਸ ਰਖਦਾ ਹਾਂ ਮੇਰੀਆਂ ਬੇਨਤੀਆਂ ਨੂੰ ਪ੍ਰਵਾਨ ਕਰਕੇ ਇਸ ਤੇ ਤੁਰਨ ਦਾ ਜਤਨ ਕਰੋਗੇ। ਅਰਜਾਂ ਕਰਦਿਆਂ ਕੋਈ ਮੇਰੇ ਪਾਸੋਂ ਗਲਤੀ ਹੋ ਗਈ ਹੋਵੇ ਮੈਂ ਉਸ ਦੀ ਖਿਮਾਂ ਮੰਗਦਾ ਹਾਂ।

ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ।

ਕਰਤਾਰ ਪ੍ਰੈਸ, ਮਲਵਈ ਬੁੰਗਾ ਅੰਮ੍ਰਿਤਸਰ ਵਿਚ ਛਪਿਆ।

Digitized by Panjab Digital Library | www.panjabdigilib.org